ਮਿੱਠੇ ਬੱਚੇ:- "ਮਿੱਠੇ ਬੱਚੇ - ਅਵਿਨਾਸ਼ੀ ਗਿਆਨ ਰਤਨ ਤੁਹਾਨੂੰ ਰਾਵ(ਰਾਜਾ) ਬਣਾਉਂਦੇ ਹਨ, ਇਹ ਬੇਹੱਦ ਦਾ ਸਕੂਲ ਹੈ, ਤੁਸੀਂ ਪੜਨਾ ਅਤੇ ਪੜਾਉਣਾ ਹੈ, ਗਿਆਨ ਰਤਨਾਂ ਨਾਲ ਝੋਲੀ ਭਰਨੀ ਹੈ"

ਪ੍ਰਸ਼ਨ:- ਕਿਹੜੇ ਬੱਚੇ ਸਭ ਨੂੰ ਪਿਆਰੇ ਲੱਗਦੇ ਹਨ? ਉੱਚ ਪੱਦ ਦੇ ਲਈ ਕਿਹੜੇ ਪੁਰਸ਼ਾਰਥ ਦੀ ਲੋੜ ਹੈ?

ਉੱਤਰ:- ਜਿਹੜੇ ਬੱਚੇ ਆਪਣੀ ਝੋਲੀ ਭਰਕੇ ਬਹੁਤਿਆਂ ਨੂੰ ਦਾਨ ਕਰਦੇ ਹਨ ਉਹ ਸਭ ਨੂੰ ਪਿਆਰੇ ਲਗਦੇ ਹਨ। ਉੱਚ ਪੱਦ ਦੇ ਲਈ ਬਹੁਤਿਆਂ ਦੀ ਅਸ਼ੀਰਵਾਦ ਚਾਹੀਦੀ ਹੈ। ਇਸ ਵਿੱਚ ਧਨ ਦੀ ਗੱਲ ਨਹੀਂ ਹੈ ਲੇਕਿਨ ਗਿਆਨ ਨਾਲ ਅਨੇਕਾਂ ਦਾ ਕਲਿਆਣ ਕਰਦੇ ਰਹੋ। ਖੁਸ਼ਮਿਜਾਜ਼ ਅਤੇ ਯੋਗੀ ਬੱਚੇ ਹੀ ਬਾਪ ਦਾ ਨਾਮ ਕੱਢਦੇ ਹਨ।

ਓਮ ਸ਼ਾਂਤੀ। ਰੂਹਾਨੀ ਬਾਪ ਬੈਠ ਬੱਚਿਆਂ ਨੂੰ ਸਮਝਾਉਂਦੇ ਹਨ। ਬੱਚੇ ਜਾਣਦੇ ਹਨ ਹੁਣ ਸਾਨੂੰ ਵਾਪਿਸ ਘਰ ਜਾਣਾ ਹੈ, ਅੱਗੇ ਬਿਲਕੁਲ ਨਹੀਂ ਜਾਣਦੇ ਸੀ। ਬਾਪ ਬੱਚਿਆਂ ਨੂੰ ਸਮਝਾਉਂਦੇ ਹਨ, ਇਨ੍ਹਾਂ ਦਾ ਸਮਝਾਉਣਾ ਵੀ ਡਰਾਮਾਅਨੁਸਾਰ ਹੁਣ ਰਾਈਟ ਦੇਖਣ ਵਿੱਚ ਆਉਂਦਾ ਹੈ। ਹੋਰ ਕੋਈ ਸਮਝਾ ਨਹੀਂ ਸਕਦਾ। ਹੁਣ ਅਸੀਂ ਵਾਪਿਸ ਜਾਣਾ ਹੈ। ਅਪਵਿੱਤਰ ਕੋਈ ਵਾਪਿਸ ਜਾ ਨਹੀਂ ਸਕਦਾ ਹੈ। ਇਹ ਗਿਆਨ ਵੀ ਇਸ ਵੇਲੇ ਹੀ ਮਿਲਦਾ ਹੈ ਅਤੇ ਇੱਕ ਬਾਪ ਹੀ ਦਿੰਦੇ ਹਨ। ਪਹਿਲਾਂ ਤਾਂ ਇਹ ਯਾਦ ਕਰਨਾ ਹੈ ਕਿ ਅਸੀਂ ਵਾਪਿਸ ਜਾਣਾ ਹੈ। ਬਾਬਾ ਨੂੰ ਬੁਲਾਂਉਂਦੇ ਹਨ ਪਤਾ ਕੁਝ ਵੀ ਨਹੀਂ ਸੀ। ਅਚਾਨਕ ਜਦੋ ਸਮਾਂ ਆਇਆ ਤਾਂ ਬਾਬਾ ਆ ਗਿਆ। ਹੁਣ ਨਵੀਆਂ-ਨਵੀਆਂ ਗੱਲਾਂ ਸਮਝਾਉਂਦੇ ਰਹਿੰਦੇ ਹਨ। ਬੱਚੇ ਜਾਣਦੇ ਹਨ ਹੁਣ ਅਸੀਂ ਵਾਪਿਸ ਘਰ ਜਾਣਾ ਹੈ, ਇਸ ਲਈ ਹੁਣ ਪਤਿਤ ਤੋਂ ਪਾਵਨ ਹੋਣਾ ਹੈ। ਨਹੀਂ ਤਾਂ ਸਜ਼ਾ ਖਾਣੀ ਪਵੇਗੀ ਅਤੇ ਪਦ ਵੀ ਭ੍ਰਸ਼ਟ ਹੋ ਜਾਵੇਗਾ। ਇਨਾਂ ਫਰਕ ਹੈ ਜਿਵੇ ਇਥੇ ਰਾਵ ਅਤੇ ਰੰਕ, ਓਵੇਂ ਉੱਥੇ ਵੀ ਰਾਵ ਅਤੇ ਰੰਕ ਬਣਦੇ ਹਨ। ਸਾਰਾ ਮਦਾਰ ਪੁਰਸ਼ਾਰਥ ਤੇ ਹੈ। ਹੁਣ ਬਾਪ ਕਹਿੰਦੇ ਹਨ ਤੁਸੀਂ ਖੁੱਦ ਹੀ ਪਤਿਤ ਸੀ ਇਸ ਲਈ ਤਾਂ ਬੁਲਾਉਂਦੇ ਸੀ। ਇਹ ਵੀ ਹੁਣ ਤੁਹਾਨੂੰ ਸਮਝਾਉਂਦੇ ਹਨ। ਅਗਿਆਨਕਾਲ ਵਿੱਚ ਇਹ ਬੁੱਧੀ ਵਿੱਚ ਨਹੀਂ ਰਹਿੰਦਾ ਹੈ। ਬਾਪ ਕਹਿੰਦੇ ਆਤਮਾ ਜੋ ਤਮੋਪ੍ਰਧਾਨ ਬਣੀ ਹੈ ਉਸਨੂੰ ਹੁਣ ਸਤੋਪ੍ਰਧਾਨ ਬਣਨਾ ਹੈ। ਹੁਣ ਸਤੋਪ੍ਰਧਾਨ ਬਣੇ ਕਿਵੇਂ - ਇਹ ਵੀ ਸੀੜੀ (ਪੌੜੀ) ਤੇ ਸਮਝਾਇਆ ਹੈ। ਇਸ ਦੇ ਨਾਲ - ਨਾਲ ਦੈਵੀ ਗੁਣ ਵੀ ਧਾਰਨ ਕਰਨੇ ਹਨ। ਇਹ ਹੈ ਬੇਹੱਦ ਦਾ ਸਕੂਲ। ਸਕੂਲ ਵਿੱਚ ਰਜਿਸਟਰ ਰੱਖਦੇ ਹਨ ਗੁੱਡ, ਬੈੱਟਰ, ਬੈਸਟ ਦਾ। ਜਿਹੜੇ ਸਰਵਿਸੇਬਲ ਬੱਚੇ ਹਨ ਉਹ ਬੜੇ ਮਿੱਠੇ ਹਨ। ਉਨ੍ਹਾਂ ਦਾ ਰਜਿਸਟਰ ਵਧੀਆ ਹੈ। ਜੇਕਰ ਰਜਿਸਟਰ ਚੰਗਾ ਨਹੀਂ ਤਾਂ ਉਹ ਉਛਲਦੇ ਨਹੀਂ ਹਨ। ਸਾਰਾ ਮਦਾਰ ਹੈ ਪੜਾਈ ਤੇ, ਯੋਗ ਅਤੇ ਦੈਵੀਗੁਣਾਂ ਤੇ। ਬੱਚੇ ਜਾਣਦੇ ਹਨ ਬੇਹੱਦ ਦਾ ਬਾਪ ਸਾਨੂੰ ਪੜਾਉਂਦੇ ਹਨ। ਪਹਿਲਾਂ ਅਸੀਂ ਸ਼ੂਦ੍ਰ ਵਰਣ ਦੇ ਸੀ, ਹੁਣ ਬ੍ਰਾਹਮਣ ਵਰਣ ਦੇ ਹਾਂ। ਪ੍ਰਜਾਪਿਤਾ ਬ੍ਰਹਮਾ ਦੇ ਬੱਚੇ ਅਸੀਂ ਬ੍ਰਾਹਮਣ ਹਾਂ, ਇਹ ਤਾਂ ਬਹੁਤਿਆਂ ਨੂੰ ਭੁੱਲ ਜਾਂਦਾ ਹੈ। ਜਦ ਕਿ ਤੁਸੀਂ ਬਾਪ ਨੂੰ ਯਾਦ ਕਰਦੇ ਹੋ ਤਾਂ ਬ੍ਰਹਮਾ ਨੂੰ ਵੀ ਯਾਦ ਕਰਨਾ ਪਵੇ। ਅਸੀ ਬ੍ਰਾਹਮਣ ਕੁੱਲ ਦੇ ਹਾਂ- ਇਹ ਵੀ ਨਸ਼ਾ ਚੜੇ। ਭੁੱਲ ਜਾਂਦੇ ਤਾਂ ਨਸ਼ਾ ਨਹੀਂ ਚੜਦਾ ਹੈ ਕਿ ਅਸੀਂ ਬ੍ਰਾਹਮਣ ਕੁੱਲ ਦੇ ਹਾਂ ਫਿਰ ਦੇਵਤਾ ਕੁੱਲ ਦੇ ਬਣਾਂਗੇ। ਬ੍ਰਾਹਮਣ ਕੁੱਲ ਕਿਸਨੇ ਬਣਾਇਆ? ਬ੍ਰਹਮਾ ਦੁਆਰਾ ਮੈਂ ਤੁਹਾਨੂੰ ਬ੍ਰਾਹਮਣ ਕੁੱਲ ਵਿੱਚ ਲੈ ਆਉਂਦਾ ਹਾਂ। ਬ੍ਰਾਹਮਣਾਂ ਦੀ ਇਹ ਡਾਇਨੇਸਟੀ ਨਹੀਂ ਹੈ। ਛੋਟਾ ਜਿਹਾ ਕੁੱਲ ਹੈ। ਆਪਣੇ ਨੂੰ ਹੁਣ ਬ੍ਰਾਹਮਣ ਸਮਝੋਗੇ ਫਿਰ ਤਾਂ ਦੇਵਤਾ ਬਣੋਗੇ। ਆਪਣੇ ਧੰਧੇ ਵਿੱਚ ਲੱਗ ਜਾਣ ਨਾਲ ਸਭ - ਕੁਝ ਭੁੱਲ ਜਾਂਦੇ ਹਨ। ਬ੍ਰਾਹਮਣਪਨ ਵੀ ਭੁੱਲ ਜਾਂਦਾ ਹੈ। ਧੰਧੇ ਤੋਂ ਫ਼ਾਰਿਗ਼ ਹੋਏ ਤਾਂ ਫਿਰ ਪੁਰਸ਼ਾਰਥ ਕਰਨਾ ਚਾਹੀਦਾ ਹੈ। ਕਿਸੇ-ਕਿਸੇ ਨੂੰ ਧੰਧੇ ਵਿੱਚ ਜ਼ਿਆਦਾ ਧਿਆਨ ਦੇਣਾ ਪੈਂਦਾ ਹੈ। ਕੰਮ ਪੂਰਾ ਹੋਇਆ ਫਿਰ ਆਪਣੀ ਗੱਲ। ਯਾਦ ਵਿੱਚ ਬੈਠ ਜਾਵੋ। ਤੁਹਾਡੇ ਕੋਲ ਬੈਜ ਬੜਾ ਵਧੀਆ ਹੈ, ਇਸ ਵਿੱਚ ਲਕਸ਼ਮੀ - ਨਰਾਇਣ ਦਾ ਚਿੱਤਰ ਵੀ ਹੈ ਅਤੇ ਤ੍ਰਿਮੂਰਤੀ ਦਾ ਵੀ ਹੈ। ਬਾਬਾ ਸਾਨੂੰ ਇਵੇਂ ਦਾ ਬਣਾਉਂਦੇ ਹਨ! ਬਸ, ਇਹ ਹੀ ਮਨਮਨਾਭਵ ਹੈ। ਕਿਸੇ ਨੂੰ ਆਦਤ ਪੈ ਜਾਂਦੀ ਹੈ, ਕਿਸੇ ਨੂੰ ਨਹੀਂ ਪੈਂਦੀ ਹੈ। ਭਗਤੀ ਤਾਂ ਹੁਣ ਪੂਰੀ ਹੋਈ ਹੈ। ਹੁਣ ਬਾਪ ਨੂੰ ਯਾਦ ਕਰਨਾ ਹੈ। ਹੁਣ ਬੇਹੱਦ ਦਾ ਬਾਪ ਤੁਹਾਨੂੰ ਬੇਹੱਦ ਦਾ ਵਰਸਾ ਦਿੰਦੇ ਹਨ, ਤਾਂ ਖੁਸ਼ੀ ਹੁੰਦੀ ਹੈ। ਕਿਸੇ ਨੂੰ ਚੰਗੀ ਲਗਨ ਲੱਗ ਜਾਂਦੀ ਹੈ, ਕਿਸੇ ਨੂੰ ਘੱਟ। ਹੈ ਬੜਾ ਸੌਖਾ।

ਗੀਤਾ ਦੇ ਆਦਿ ਅਤੇ ਅੰਤ ਦੇ ਅੱਖਰ ਹਨ ਮਨਮਨਾਭਵ। ਇਹ ਉਹ ਹੀ ਗੀਤਾ ਐਪੀਸੋਡ ਹੈ। ਸਿਰਫ ਸ਼੍ਰੀਕ੍ਰਿਸ਼ਨ ਦਾ ਨਾਮ ਪਾ ਦਿੱਤਾ ਹੈ। ਭਗਤੀ ਮਾਰਗ ਵਿੱਚ ਵੀ ਜੋ ਦ੍ਰਿਸ਼ਟਾਂਤ ਆਦਿ ਹਨ ਉਹ ਸਾਰੇ ਇਸ ਵੇਲੇ ਦੇ ਹਨ। ਭਗਤੀ ਮਾਰਗ ਵਿੱਚ ਕੋਈ ਇਸ ਤਰ੍ਹਾਂ ਨਹੀਂ ਕਹੇਗਾ ਕਿ ਦੇਹ ਦਾ ਭਾਨ ਛੱਡੋ, ਆਪਣੇ ਨੂੰ ਆਤਮਾ ਸਮਝੋ। ਇਥੇ ਤੁਹਾਨੂੰ ਇਹ ਸਿੱਖਿਆ ਬਾਪ ਆਉਂਦੇ ਹੀ ਦਿੰਦੇ ਹਨ। ਇਹ ਨਿਸ਼ਚੈ ਹੈ ਦੇਵੀ -bniya ਦੇਵਤਾ ਧਰਮ ਦੀ ਸਥਾਪਨਾ ਸਾਡੇ ਦੁਆਰਾ ਹੋ ਰਹੀ ਹੈ। ਰਾਜਧਾਨੀ ਵੀ ਸਥਾਪਨ ਹੋ ਰਹੀ ਹੈ। ਇਸ ਵਿੱਚ ਲੜਾਈ ਆਦਿ ਦੀ ਗੱਲ ਨਹੀਂ ਹੈ। ਬਾਪ ਹੁਣ ਤੁਹਾਨੂੰ ਪਵਿੱਤਰਤਾ ਸਿਖਾਉਂਦੇ ਹਨ, ਉਹ ਵੀ ਅੱਧਾਕਲਪ ਕਾਇਮ ਰਹੇਗੀ। ਉੱਥੇ ਰਾਵਣ ਰਾਜ ਨਹੀਂ। ਵਿਕਾਰਾਂ ਤੇ ਤੁਸੀਂ ਹੁਣ ਜਿੱਤ ਪਾ ਰਹੇ ਹੋ। ਇਹ ਤੁਸੀਂ ਜਾਣਦੇ ਹੋ - ਅਸੀਂ ਹੂਬਹੂ ਕਲਪ ਪਹਿਲਾਂ ਵਾਂਗ ਰਾਜਧਾਨੀ ਸਥਾਪਤ ਕੀਤੀ ਸੀ, ਹੁਣ ਕਰ ਰਹੇ ਹਾਂ। ਸਾਡੇ ਲਈ ਇਹ ਪੁਰਾਣੀ ਦੁਨੀਆਂ ਖ਼ਤਮ ਹੋਣ ਵਾਲੀ ਹੈ। ਡਰਾਮਾ ਦਾ ਚੱਕਰ ਫਿਰਦਾ ਰਹਿੰਦਾ ਹੈ। ਉੱਥੇ ਸੋਨਾ ਹੀ ਸੋਨਾ ਹੋਵੇਗਾ। ਜੋ ਸੀ ਉਹ ਫਿਰ ਹੋਵੇਗਾ, ਇਸ ਵਿੱਚ ਮੂੰਝਣ ਦੀ ਗੱਲ ਨਹੀਂ ਹੈ। ਮਾਇਆ ਮਛੰਦਰ ਦਾ ਖੇਡ ਦਿਖਾਉਂਦੇ ਹਨ। ਧਿਆਨ ਵਿੱਚ ਸੋਨੇ ਦੀਆਂ ਇੱਟਾਂ ਦੇਖੀਆਂ। ਤੁਸੀਂ ਵੀ ਬੇਕੁੰਠ ਵਿੱਚ ਸੋਨੇ ਦੇ ਮਹਿਲ ਦੇਖਦੇ ਹੋ। ਓਥੋਂ ਦੀਆਂ ਚੀਜ਼ਾਂ ਤੁਸੀਂ ਇਥੇ ਨਹੀਂ ਲੈ ਕੇ

ਆ ਸਕਦੇ ਹੋ। ਇਹ ਹੈ ਸਾਕਸ਼ਾਤਕਾਰ। ਭਗਤੀ ਵਿੱਚ ਤੁਸੀਂ ਇਨ੍ਹਾਂ ਗੱਲਾਂ ਨੂੰ ਨਹੀਂ ਜਾਣਦੇ ਸੀ। ਹੁਣ ਬਾਪ ਕਹਿੰਦੇ ਹਨ ਮੈਂ ਆਇਆ ਹਾਂ ਤੁਹਾਨੂੰ ਲੈ ਕੇ ਜਾਣ ਦੇ ਲਈ। ਤੁਹਾਡੇ ਬਗੈਰ ਬੇਅਰਾਮੀ ਹੁੰਦੀ ਹੈ। ਜਦੋਂ ਸਮਾਂ ਆ ਜਾਂਦਾ ਹੈ ਤਾਂ ਸਾਨੂੰ ਬੇਅਰਾਮੀ ਹੋ ਜਾਂਦੀ ਹੈ - ਬਸ ਜਾਵਾਂ, ਬੱਚੇ ਬੜੇ ਦੁੱਖੀ ਹਨ, ਬੁਲਾਉਂਦੇ ਹਨ। ਤਰਸ ਆਉਂਦਾ ਹੈ - ਬਸ ਜਾਵਾਂ। ਡਰਾਮਾ ਵਿੱਚ ਜਦੋਂ ਸਮਾਂ ਆਉਂਦਾ ਹੈ ਤਾਂ ਖਿਆਲ ਹੁੰਦਾ ਹੈ - ਬਸ ਜਾਵਾਂ। ਨਾਟਕ ਦਿਖਾਉਂਦੇ ਹਨ ਵਿਸ਼ਨੂੰ ਅਵਤਰਨ। ਪਰ ਵਿਸ਼ਨੂੰ ਅਵਤਰਨ ਤਾਂ ਹੁੰਦਾ ਨਹੀਂ ਹੈ। ਦਿਨ - ਪ੍ਰਤੀਦਿਨ ਮਨੁੱਖਾਂ ਦੀ ਬੁੱਧੀ ਖ਼ਤਮ ਹੁੰਦੀ ਜਾਂਦੀ ਹੈ। ਕੁਝ ਸਮਝ ਵਿੱਚ ਨਹੀਂ ਆਉਂਦਾ ਹੈ। ਆਤਮਾ ਪਤਿਤ ਬਣ ਜਾਂਦੀ ਹੈ। ਹੁਣ ਬਾਪ ਕਹਿੰਦੇ ਹਨ - ਬੱਚੇ ਪਾਵਨ ਬਣੋ ਤਾਂ ਰਾਮ ਰਾਜ ਹੋਵੇ। ਰਾਮ ਨੂੰ ਜਾਣਦੇ ਨਹੀਂ ਹਨ। ਸ਼ਿਵ ਦੀ ਜੋ ਪੂਜਾ ਕੀਤੀ ਜਾਂਦੀ ਹੈ ਉਸਨੂੰ ਰਾਮ ਨਹੀਂ ਕਹਾਂਗੇ। ਸ਼ਿਵਬਾਬਾ ਕਹਿਣਾ ਸ਼ੋਭਦਾ ਹੈ। ਭਗਤੀ ਵਿੱਚ ਕੋਈ ਰਸ ਨਹੀਂ ਹੈ। ਤੁਹਾਨੂੰ ਹੁਣ ਰਸ ਆਉਂਦਾ ਹੈ। ਬਾਪ ਖੁੱਦ ਕਹਿੰਦੇ ਹਨ - ਮਿੱਠੇ ਬੱਚੇ, ਮੈਂ ਤੁਹਾਨੂੰ ਲੈ ਜਾਣ ਲਈ ਆਇਆ ਹਾਂ। ਫਿਰ ਤੁਹਾਡੀ ਆਤਮਾ ਖੁੱਦ ਹੀ ਸੁਖਧਾਮ ਚਲੀ ਜਾਵੇਗੀ। ਉੱਥੇ ਤੁਹਾਡਾ ਸਾਥੀ ਨਹੀਂ ਬਣਾਂਗਾ। ਆਪਣੀ ਅਵਸਥਾ ਅਨੁਸਾਰ ਤੁਹਾਡੀ ਆਤਮਾ ਜਾਕੇ ਦੂਜੇ ਸ਼ਰੀਰ ਵਿੱਚ, ਗਰਭ ਵਿੱਚ ਪ੍ਰਵੇਸ਼ ਕਰੇਗੀ। ਦਿਖਾਉਂਦੇ ਹਨ ਸਾਗਰ ਵਿੱਚ ਪਿੱਪਲ ਦੇ ਪੱਤੇ ਤੇ ਸ਼੍ਰੀਕ੍ਰਿਸ਼ਨ ਆਇਆ। ਸਾਗਰ ਦੀ ਤਾਂ ਗੱਲ ਨਹੀਂ ਹੈ। ਗਰਭ ਵਿੱਚ ਬੜੇ ਆਰਾਮ ਨਾਲ ਰਹਿੰਦੇ ਹਨ। ਬਾਬਾ ਕਹਿੰਦੇ ਮੈਂ ਗਰਭ ਵਿੱਚ ਨਹੀ ਆਉਂਦਾ ਹਾਂ। ਮੈਂ ਤਾਂ ਪ੍ਰਵੇਸ਼ ਕਰਦਾ ਹਾਂ। ਮੈਂ ਬੱਚਾ ਨਹੀਂ ਬਣਦਾ ਹਾਂ। ਮੇਰੇ ਬਦਲੇ ਸ਼੍ਰੀਕ੍ਰਿਸ਼ਨ ਨੂੰ ਬੱਚਾ ਸਮਝ ਕੇ ਦਿਲ ਬਹਿਲਾਉਂਦੇ ਹਨ। ਸਮਝਦੇ ਹਨ ਕ੍ਰਿਸ਼ਨ ਨੇ ਗਿਆਨ ਦਿੱਤਾ ਇਸਲਈ ਉਸਨੂੰ ਬੜਾ ਪਿਆਰ ਕਰਦੇ ਹਨ। ਮੈਂ ਸਾਰਿਆਂ ਨੂੰ ਨਾਲ ਲੈ ਜਾਂਦਾ ਹਾਂ। ਫਿਰ ਤੁਹਾਨੂੰ ਭੇਜ ਦਿੰਦਾ ਹਾਂ। ਫਿਰ ਮੇਰਾ ਪਾਰਟ ਪੂਰਾ। ਅੱਧਾ ਕਲਪ ਕੋਈ ਪਾਰਟ ਨਹੀਂ ਹੈ। ਫਿਰ ਭਗਤੀ ਮਾਰਗ ਵਿੱਚ ਪਾਰਟ ਸ਼ੁਰੂ ਹੁੰਦਾ ਹੈ। ਇਹ ਵੀ ਡਰਾਮਾ ਬਣਿਆ ਹੋਇਆ ਹੈ।

ਹੁਣ ਬੱਚਿਆਂ ਨੂੰ ਗਿਆਨ ਸਮਝਣਾ ਅਤੇ ਸਮਝਾਉਣਾ ਤਾਂ ਸੌਖਾ ਹੈ। ਦੂਜਿਆਂ ਨੂੰ ਸੁਣਾਓਗੇ ਤਾਂ ਖੁਸ਼ੀ ਹੋਵੇਗੀ ਅਤੇ ਪਦ ਵੀ ਉੱਚਾ ਪਾ ਸਕਦੇ ਹੋ। ਇੱਥੇ ਬੈਠ ਸੁਣਦੇ ਹੋ ਤਾਂ ਚੰਗਾ ਲੱਗਦਾ ਹੈ। ਬਾਹਰ ਜਾਣ ਨਾਲ ਭੁੱਲ ਜਾਂਦੇ ਹੋ। ਜਿਵੇਂ ਜੇਲ ਬਰਡ ਹੁੰਦੇ ਹਨ। ਕੋਈ ਨਾਂ ਕੋਈ ਸ਼ਰਾਰਤ ਕਰਕੇ ਜੇਲ ਜਾਂਦੇ ਰਹਿੰਦੇ ਹਨ। ਤੁਹਾਡਾ ਵੀ ਇਹੋ ਹਾਲ ਹੁੰਦਾ ਹੈ। ਗਰਭ ਵਿੱਚ ਅੰਜਾਮ ਕਰਕੇ ਫਿਰ ਓਥੋਂ ਦੀ ਉੱਥੇ ਰਹੀ। ਇਹ ਸਭ ਗੱਲਾਂ ਬਣਾਈਆਂ ਹਨ ਜੋ ਮਨੁੱਖ ਕੋਈ ਪਾਪ ਨਾਂ ਕਰੇ। ਆਤਮਾ ਸੰਸਕਾਰ ਆਪਣੇ ਨਾਲ ਲੈ ਜਾਂਦੀ ਹੈ। ਤਾਂ ਕੋਈ ਛੋਟੇਪਨ ਵਿੱਚ ਹੀ ਪੰਡਿਤ ਬਣ ਜਾਂਦੇ ਹਨ। ਲੋਕ ਸਮਝਦੇ ਹਨ ਆਤਮਾ ਨਿਰਲੇਪ ਹੈ। ਪਰ ਆਤਮਾ ਨਿਰਲੇਪ ਨਹੀਂ ਹੈ। ਚੰਗੇ ਅਤੇ ਮਾੜੇ ਸੰਸਕਾਰ ਆਤਮਾ ਹੀ ਲੈ ਜਾਂਦੀ ਹੈ ਫਿਰ ਹੀ ਕਰਮਾਂ ਦਾ ਭੋਗ ਹੁੰਦਾ ਹੈ। ਹੁਣ ਤੁਸੀਂ ਪਵਿੱਤਰ ਸੰਸਕਾਰ ਲੈ ਜਾਂਦੇ ਹੋ। ਤੁਸੀਂ ਪੜ੍ਹ ਕੇ ਫਿਰ ਪਦ ਪਾਉਂਦੇ ਹੋ। ਬਾਬਾ ਤਾਂ ਸਾਰੀ ਆਤਮਾਵਾਂ ਦੇ ਝੁੰਡ ਨੂੰ ਵਾਪਿਸ ਲੈ ਜਾਂਦੇ ਹਨ। ਬਾਕੀ ਥੋੜੇ ਰਹਿੰਦੇ ਹਨ। ਉਹ ਪਿਛਾੜੀ ਵਿੱਚ ਆਉਂਦੇ ਹਨ। ਰਹਿੰਦੇ ਵੀ ਉਹ ਹੀ ਹਨ ਜਿਨ੍ਹਾਂ ਨੇ ਪਿੱਛਾੜੀ ਵਿੱਚ ਆਉਣਾ ਹੈ। ਮਾਲਾ ਹੈ ਨਾ। ਨੰਬਰਵਾਰ ਬਣਦੇ ਜਾਂਦੇ ਹਨ। ਬਾਕੀ ਜੋ ਬਣਨਗੇ ਉਹ ਹੀ ਸਵਰਗ ਵਿੱਚ ਪਿੱਛੇ ਆਉਣਗੇ। ਬਾਬਾ ਕਿੰਨਾ ਚੰਗਾ ਸਮਝਾਉਂਦੇ ਹਨ, ਕਿਸੇ ਨੂੰ ਧਾਰਨਾ ਹੁੰਦੀ, ਕਿਸੇ ਨੂੰ ਨਹੀਂ। ਅਵਸਥਾ ਇਵੇ ਦੀ ਹੁੰਦੀ ਹੈ ਤਾਂ ਪਦ ਵੀ ਇਵੇਂ ਦਾ ਹੀ ਮਿਲਦਾ ਹੈ। ਤੁਸੀਂ ਬੱਚਿਆਂ ਨੇ ਰਹਿਮਦਿਲ ਕਲਿਆਣਕਾਰੀ ਬਣਨਾ ਹੈ। ਡਰਾਮਾ ਹੀ ਇਵੇਂ ਦਾ ਬਣਿਆ ਹੋਇਆ ਹੈ। ਦੋਸ਼ ਕਿਸੇ ਨੂੰ ਦੇ ਨਹੀਂ ਸਕਦੇ ਹਾਂ। ਕਲਪ ਪਹਿਲਾਂ ਜਿੰਨੀ ਪੜਾਈ ਕੀਤੀ ਹੋਵੇਗੀ ਓਨੀ ਹੀ ਹੋਵੇਗੀ। ਜ਼ਿਆਦਾ ਨਹੀਂ ਹੋਵੇਗੀ, ਕਿੰਨਾ ਵੀ ਪੁਰਸ਼ਾਰਥ ਕਰਾਈਏ, ਕੋਈ ਫਰਕ ਨਹੀਂ ਪਵੇਗਾ। ਫ਼ਰਕ ਫਿਰ ਪਵੇਗਾ ਜਦੋ ਕਿਸੇ ਨੂੰ ਸੁਣਾਵੋਗੇ। ਨੰਬਰਵਾਰ ਤਾਂ ਹੈ ਹੀ। ਕਿਥੇ ਰਾਵ ਅਤੇ ਕਿਥੇ ਰੰਕ! ਇਹ ਅਵਿਨਾਸ਼ੀ ਗਿਆਨ ਰਤਨ ਰਾਵ ਬਣਾਉਂਦੇ ਹਨ। ਜੇਕਰ ਪੁਰਸ਼ਾਰਥ ਨਹੀਂ ਕਰਦੇ ਤਾਂ ਰੰਕ ਬਣ ਜਾਂਦੇ ਹਨ। ਇਹ ਹੈ ਬੇਹੱਦ ਦਾ ਸਕੂਲ। ਇਸ ਵਿੱਚ ਫਸਟ, ਸੈਕਿੰਡ, ਥਰਡ ਹਨ। ਭਗਤੀ ਵਿੱਚ ਪੜਾਈ ਦੀ ਗੱਲ ਨਹੀਂ ਹੈ। ਉੱਥੇ ਉਤਰਨ ਦੀ ਗੱਲ ਹੈ। ਸ਼ੋਭਨੀਕ ਬੜਾ ਹੈ। ਝਾਂਝ ਵਜਾਉਂਦੇ ਸਤੁਤੀ ਕਰਦੇ, ਇੱਥੇ ਤਾਂ ਸ਼ਾਂਤ ਰਹਿਣਾ ਹੈ। ਭਜਨ ਆਦਿ ਕੁਝ ਨਹੀਂ। ਤੁਸੀਂ ਅੱਧਾਕਲਪ ਭਗਤੀ ਕੀਤੀ ਹੈ। ਭਗਤੀ ਦਾ ਸ਼ੋ ਕਿੰਨਾ ਹੈ। ਸਭ ਦਾ ਆਪਣਾ-ਆਪਣਾ ਪਾਰਟ ਹੈ। ਕੋਈ ਡਿੱਗਦਾ, ਕੋਈ ਚੜਦਾ, ਕਿਸੇ ਦੀ ਤਕਦੀਰ ਚੰਗੀ, ਕਿਸੇ ਦੀ ਘੱਟ। ਤਦਬੀਰ ਤਾਂ ਬਾਬਾ ਇਕਰਸ ਕਰਾਉਂਦੇ ਹਨ। ਪੜਾਈ ਵੀ ਇਕਰਸ ਹੈ ਤਾਂ ਟੀਚਰ ਵੀ ਇੱਕ ਹੈ। ਬਾਕੀ ਸਭ ਹਨ ਮਾਸਟਰਜ਼। ਕੋਈ ਵੱਡਾ ਆਦਮੀ ਕਹੇ ਫੁਰਸਤ ਨਹੀਂ, ਬੋਲੋ - ਘਰ ਵਿੱਚ ਆਕੇ ਪੜਾਈਏ? ਕਿਉਂਕਿ ਉਨ੍ਹਾਂ ਨੂੰ ਤਾਂ ਆਪਣਾ ਹੰਕਾਰ ਰਹਿੰਦਾ ਹੈ। ਇੱਕ ਨੂੰ ਹੱਥ ਕਰਨ ਨਾਲ ਦੂਜਿਆਂ ਤੇ ਵੀ ਅਸਰ ਪੈਂਦਾ ਹੈ। ਜੇਕਰ ਉਹ ਵੀ ਕਹਿਣ ਕਿ ਇਹ ਗਿਆਨ ਚੰਗਾ ਹੈ, ਤਾਂ ਕਹਿਣਗੇ ਇਨ੍ਹਾਂ ਨੂੰ ਵੀ ਬ੍ਰਹਮਾਕੁਮਾਰੀਆਂ ਦਾ ਸੰਗ ਲੱਗ ਗਿਆ ਹੈ, ਇਸਲਈ ਸਿਰਫ ਚੰਗਾ ਕਹਿ ਦਿੰਦੇ ਹਨ। ਬੱਚਿਆਂ ਵਿੱਚ ਯੋਗ ਦੀ ਪਾਵਰ ਚੰਗੀ ਚਾਹੀਦੀ ਹੈ। ਗਿਆਨ ਤਲਵਾਰ ਵਿੱਚ ਯੋਗ ਦਾ ਜੌਹਰ ਚਾਹੀਦਾ ਹੈ। ਖੁਸ਼ਮਿਜਾਜ਼ ਅਤੇ ਯੋਗੀ ਹੋਵੇਗਾ ਤਾਂ ਨਾਮ ਕੱਢਣਗੇ। ਨੰਬਰਵਾਰ ਤਾਂ ਹੈ ਨਾ। ਰਾਜਧਾਨੀ ਬਣਨੀ ਹੈ। ਬਾਪ ਕਹਿੰਦੇ ਧਾਰਨਾ ਤਾਂ ਬੜੀ ਸੌਖੀ ਹੈ। ਬਾਬਾ ਨੂੰ ਜਿੰਨਾ ਯਾਦ ਕਰੋਗੇ ਉਨਾਂ ਪਿਆਰ ਰਹੇਗਾ। ਕਸ਼ਿਸ਼ ਹੋਵੇਗੀ। ਸੂਈ ਸਾਫ ਹੈ ਤਾਂ ਚੁੰਬਕ ਵੱਲ ਖਿੱਚਦੀ ਹੈ। ਕੱਟ ਹੋਵੇਗੀ ਤਾਂ ਖਿੱਚੇਗੀ ਨਹੀਂ। ਇਹ ਵੀ ਇਵੇਂ ਹੈ। ਤੁਸੀਂ ਸਾਫ਼ ਹੋ ਜਾਂਦੇ ਹੋ ਤਾਂ ਪਹਿਲੇ ਨੰਬਰ ਵਿੱਚ ਚਲੇ ਜਾਂਦੇ ਹੋ। ਬਾਪ ਦੀ ਯਾਦ ਨਾਲ ਕੱਟ ਨਿਕਲੇਗੀ।

ਗਾਇਨ ਹੈ - ਬਲਿਹਾਰੀ ਗੁਰੂ ਤੁਹਾਡੀ... ਇਸ ਲਈ ਕਹਿੰਦੇ ਹਨ ਗੁਰੂ ਬ੍ਰਹਮਾ, ਗੁਰੂ ਵਿਸ਼ਨੂੰ...ਉਹ ਸਗਾਈ ਕਰਵਾਉਣ ਵਾਲਾ ਗੁਰੂ ਮਨੁੱਖ ਹੈ। ਤੁਸੀਂ ਸਗਾਈ ਸ਼ਿਵ ਦੇ ਨਾਲ ਕੀਤੀ ਹੈ, ਨਾਂ ਕਿ ਬ੍ਰਹਮਾ ਦੇ ਨਾਲ। ਤਾਂ ਯਾਦ ਵੀ ਸ਼ਿਵ ਨੂੰ ਹੀ ਕਰਨਾ ਹੈ। ਦਲਾਲ ਦੇ ਚਿੱਤਰ ਦੀ ਲੋੜ ਨਹੀਂ ਹੈ। ਸਗਾਈ ਪੱਕੀ ਹੋ ਗਈ ਤਾਂ ਫਿਰ ਇਕ ਦੋ ਨੂੰ ਯਾਦ ਕਰਦੇ ਰਹਿੰਦੇ ਹਨ ਤਾਂ ਇਨ੍ਹਾਂ ਨੂੰ ਵੀ ਦਲਾਲੀ ਮਿਲ ਜਾਂਦੀ ਹੈ। ਸਗਾਈ ਦਾ ਵੀ ਮਿਲਦਾ ਹੈ ਨਾ। ਦੂਜਾ ਫਿਰ ਇਸ ਵਿੱਚ ਪ੍ਰਵੇਸ਼ ਕਰਦੇ ਹਨ, ਲੋਨ ਲੈਂਦੇ ਹਨ ਤਾਂ ਉਹ ਵੀ ਕਸ਼ਿਸ਼ ਕਰਦੇ ਹਨ। ਫਿਰ ਬੱਚਿਆਂ ਨੂੰ ਵੀ ਸਮਝਾਉਂਦੇ ਹਨ ਕਿ ਜਿੰਨਾ ਤੁਸੀਂ ਬਹੁਤਿਆਂ ਦਾ ਕਲਿਆਣ ਕਰੋਗੇ ਉਨਾ ਤੁਹਾਨੂੰ ਅਜੂਰਾ ਮਿਲੇਗਾ। ਇਹ ਹੈ ਗਿਆਨ

ਦੀਆਂ ਗੱਲਾਂ। ਦੂਜਿਆਂ ਨੂੰ ਗਿਆਨ ਦਿੰਦੇ ਰਹੋ ਤਾਂ ਅਸ਼ੀਰਵਾਦ ਮਿਲ ਜਾਂਦੀ ਹੈ। ਪੈਸੇ ਦੀ ਲੋੜ ਨਹੀਂ ਹੈ। ਮੰਮਾ ਕੋਲ ਧਨ ਨਹੀਂ ਸੀ, ਪਰ ਬਹੁਤਿਆਂ ਦਾ ਕਲਿਆਣ ਕੀਤਾ। ਡਰਾਮਾ ਵਿੱਚ ਹਰੇਕ ਦਾ ਪਾਰਟ ਹੈ। ਕੋਈ ਧਨਵਾਨ ਧਨ ਦਿੰਦੇ ਹਨ, ਮਿਊਜ਼ੀਅਮ ਬਣਾਉਂਦੇ ਹਨ ਤਾਂ ਬਹੁਤਿਆਂ ਦੀ ਅਸ਼ੀਰਵਾਦ ਮਿਲ ਜਾਂਦੀ ਹੈ। ਚੰਗਾ ਸਾਹੂਕਾਰ ਦਾ ਪਦ ਮਿਲ ਜਾਂਦਾ ਹੈ। ਸਾਹੂਕਾਰ ਦੇ ਕੋਲ ਦਾਸ - ਦਾਸੀਆਂ ਬਹੁਤ ਹੁੰਦੀਆਂ ਹਨ। ਪ੍ਰਜਾ ਵਿੱਚ ਸ਼ਾਹੂਕਾਰਾਂ ਕੋਲੋਂ ਬੜਾ ਧਨ ਹੁੰਦਾ ਹੈ ਫਿਰ ਉਹਨਾ ਕੋਲੋਂ ਲੋਨ ਲੈਂਦੇ ਹਨ। ਸਾਹੂਕਾਰ ਬਣਨਾ ਵੀ ਚੰਗਾ ਹੈ। ਉਹ ਵੀ ਗਰੀਬ ਹੀ ਸਾਹੂਕਾਰ ਬਣਦੇ ਹਨ। ਬਾਕੀ ਸ਼ਾਹੂਕਾਰਾਂ ਵਿੱਚ ਹਿੰਮਤ ਕਿੱਥੇ! ਇਸ ਬ੍ਰਹਮਾ ਨੇ ਫੱਟ ਨਾਲ ਸਭ ਕੁਝ ਦੇ ਦਿੱਤਾ। ਕਹਿੰਦੇ ਹਨ ਹੱਥ ਜਿਨ੍ਹਾਂ ਦਾ ਇਵੇਂ...(ਦੇਣ ਵਾਲਾ) ਬਾਬਾ ਨੇ ਪ੍ਰਵੇਸ਼ ਕੀਤਾ ਤਾਂ ਸਭ ਕੁਝ ਛੁਡਾ ਦਿੱਤਾ। ਕਰਾਚੀ ਵਿੱਚ ਤੁਸੀਂ ਕਿਵੇਂ ਰਹੇ ਸੀ। ਵੱਡੇ-ਵੱਡੇ ਮਕਾਨ, ਮੋਟਰਾਂ, ਬੱਸ ਆਦਿ ਸਭ ਕੁਝ ਸੀ। ਹੁਣ ਬਾਪ ਕਹਿੰਦੇ ਹਨ - ਆਤਮ ਅਭਿਮਾਨੀ ਬਣੋ। ਕਿੰਨਾ ਨਸ਼ਾ ਚੜਨਾ ਚਾਹੀਦਾ ਹੈ- ਭਗਵਾਨ ਸਾਨੂੰ ਪੜ੍ਹਾਉਂਦੇ ਹਨ! ਬਾਪ ਤੁਹਾਨੂੰ ਅਥਾਹ ਖਜ਼ਾਨਾ ਦਿੰਦੇ ਹਨ। ਤੁਸੀਂ ਧਾਰਨਾ ਨਹੀਂ ਕਰਦੇ ਹੋ। ਲੈਣ ਦਾ ਦਮ ਨਹੀਂ ਹੈ। ਸ਼੍ਰੀਮਤ ਤੇ ਨਹੀਂ ਚਲਦੇ ਹੋ। ਬਾਪ ਕਹਿੰਦੇ ਹਨ ਬੱਚੇ ਆਪਣੀ ਝੋਲੀ ਭਰ ਲਓ। ਉਹ ਲੋਕ ਸ਼ੰਕਰ ਦੇ ਅੱਗੇ ਜਾਕੇ ਕਹਿੰਦੇ ਹਨ - ਝੋਲੀ ਭਰ ਦੋ। ਬਾਬਾ ਇੱਥੇ ਬਹੁਤਿਆਂ ਦੀ ਝੋਲੀ ਭਰਦੇ ਹਨ। ਬਾਹਰ ਜਾਣ ਨਾਲ ਖਾਲੀ ਹੋ ਜਾਂਦੀ ਹੈ। ਬਾਪ ਕਹਿੰਦੇ ਮੈਂ ਤੁਹਾਨੂੰ ਬੜਾ ਭਾਰੀ ਖ਼ਜ਼ਾਨਾ ਦਿੰਦਾ ਹਾਂ। ਗਿਆਨ ਰਤਨਾਂ ਨਾਲ ਝੋਲੀ ਭਰ - ਭਰਕੇ ਦਿੰਦਾ ਹਾਂ। ਫਿਰ ਵੀ ਨੰਬਰਵਾਰ ਹਨ ਜੋ ਆਪਣੀ ਝੋਲੀ ਭਰਦੇ ਹਨ। ਉਹ ਫਿਰ ਵੀ ਦਾਨ ਵੀ ਕਰਦੇ ਹਨ, ਸਭ ਨੂੰ ਪਿਆਰੇ ਲੱਗਦੇ ਹਨ। ਹੋਵੇਗਾ ਨਹੀਂ ਤਾਂ ਦੇਣਗੇ ਕੀ?

ਤੁਸੀਂ 84 ਦੇ ਚੱਕਰ ਨੂੰ ਚੰਗੀ ਤਰ੍ਹਾਂ ਸਮਝਣਾ ਅਤੇ ਸਮਝਾਉਣਾ ਹੈ। ਬਾਕੀ ਮਿਹਨਤ ਹੈ ਗਿਆਨ ਅਤੇ ਯੋਗ ਦੀ। ਹੁਣ ਤੁਸੀਂ ਯੁੱਧ ਦੇ ਮੈਦਾਨ ਵਿੱਚ ਹੋ। ਮਾਇਆ ਤੇ ਜਿੱਤ ਪਾਉਣ ਦੇ ਲਈ ਲੜਦੇ ਹੋ। ਨਾਪਾਸ ਹੋਏ ਤਾਂ ਚੰਦਰਵੰਸ਼ੀ ਵਿੱਚ ਚਲੇ ਜਾਵੋਗੇ। ਇਹ ਸਮਝ ਦੀ ਗੱਲ ਹੈ। ਬੱਚਿਆਂ ਨੂੰ ਬੜੀ ਖੁਸ਼ੀ ਹੋਣੀ ਚਾਹੀਦੀ ਹੈ- ਬਾਬਾ ਤੁਸੀਂ ਕਿੰਨਾ ਵਰਸਾ ਦਿੰਦੇ ਹੋ। ਉੱਠਦੇ-ਬੈਠਦੇ ਸਾਰਾ ਦਿਨ ਇਹ ਬੁੱਧੀ ਵਿੱਚ ਰਹੇ ਫਿਰ ਧਾਰਨਾ ਹੋ ਸਕੇ। ਯੋਗ ਹੈ ਮੁੱਖ। ਯੋਗ ਨਾਲ ਹੀ ਤੁਸੀਂ ਵਿਸ਼ਵ ਨੂੰ ਪਵਿੱਤਰ ਬਣਾਉਂਦੇ ਹੋ। ਨਾਲੇਜ਼ ਅਨੁਸਾਰ ਤੁਸੀਂ ਰਾਜ ਕਰਦੇ ਹੋ। ਇਹ ਪੈਸੇ ਆਦਿ ਤਾਂ ਮਿੱਟੀ ਵਿੱਚ ਮਿਲ ਜਾਣ ਵਾਲੇ ਹਨ। ਬਾਕੀ ਇਹ ਅਵਿਨਾਸ਼ੀ ਕਮਾਈ ਤਾਂ ਸਭ ਨਾਲ ਜਾਵੇਗੀ। ਜਿਹੜੇ ਸੈਂਸੀਬਲ ਹੋਣਗੇ ਉਹ ਕਹਿਣਗੇ ਅਸੀਂ ਬਾਬਾ ਤੋਂ ਪੂਰਾ ਹੀ ਵਰਸਾ ਲਵਾਂਗੇ। ਤਕਦੀਰ ਵਿੱਚ ਨਹੀਂ ਤਾਂ ਪਾਈ ਪੈਸੇ ਦਾ ਪਦ ਪਾਉਣਗੇ। ਅੱਛਾ!

ਮਿੱਠੇ-ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਆਪਣੀ ਪੜਾਈ ਅਤੇ ਦੈਵੀਗੁਣ ਦਾ ਰਜਿਸਟਰ ਠੀਕ ਰੱਖਣਾ ਹੈ। ਬਹੁਤ-ਬਹੁਤ ਮਿੱਠਾ ਬਣਨਾ ਹੈ। ਅਸੀਂ ਬ੍ਰਹਮਾ ਮੁੱਖ ਵੰਸ਼ਾਵਲੀ ਬ੍ਰਾਹਮਣ ਹਾਂ - ਇਸ ਨਸ਼ੇ ਵਿੱਚ ਰਹਿਣਾ ਹੈ।

2. ਸਭ ਦਾ ਪਿਆਰ ਅਤੇ ਅਸ਼ੀਰਵਾਦ ਪ੍ਰਾਪਤ ਕਰਨ ਦੇ ਲਈ ਗਿਆਨ ਰਤਨਾਂ ਨਾਲ ਆਪਣੀ ਝੋਲੀ ਭਰ ਕੇ ਦਾਨ ਕਰਨਾ ਹੈ। ਬਹੁਤਿਆਂ ਦੇ ਕਲਿਆਣ ਦੇ ਨਿਮਿਤ ਬਣਨਾ ਹੈ।

ਵਰਦਾਨ:- ਹਰ ਕਰਮ ਵਿੱਚ ਬਾਪ ਦੇ ਨਾਲ ਵੱਖ - ਵੱਖ ਸੰਬੰਧਾਂ ਨਾਲ ਸਮ੍ਰਿਤੀ ਸਵਰੂਪ ਬਣਨ ਵਾਲੇ ਸ੍ਰੇਸ਼ਠ ਭਾਗਵਾਨ ਭਵ।

ਸਾਰੇ ਦਿਨ ਦੇ ਹਰ ਕਰਮ ਵਿੱਚ ਕਦੇ ਭਗਵਾਨ ਦੇ ਸਖਾ ਜਾਂ ਸਖੀ ਰੂਪ ਵਿਚ, ਕਦੇ ਜੀਵਨ ਸਾਥੀ ਰੂਪ ਵਿਚ, ਕਦੇ ਮੁਰਬੀ ਬੱਚੇ ਦੇ ਰੂਪ ਵਿਚ, ਜਦੋਂ ਕਦੇ ਦਿਲ ਸ਼ਿਕਸਤ ਹੁੰਦੇ ਹੋ ਤਾਂ ਸਰਵਸ਼ਕਤੀਮਾਨ ਸਵਰੂਪ ਨਾਲ ਮਾਸਟਰ ਸਰਵਸ਼ਕਤੀਮਾਨ ਦੇ ਸਮ੍ਰਿਤੀ ਸਵਰੂਪ ਨੂੰ ਇਮ੍ਰਜ ਕਰੋ ਤਾਂ ਦਿਲਖੁਸ਼ ਹੋ ਜਾਵੋਗੇ ਅਤੇ ਬਾਪ ਦੇ ਸਾਥ ਦਾ ਖੁਦ ਹੀ ਅਨੁਭਵ ਕਰੋਗੇ ਫਿਰ ਇਹ ਬ੍ਰਾਹਮਣ ਜੀਵਨ ਸਦਾ ਅਮੁੱਲ, ਸ੍ਰੇਸ਼ਠ ਭਾਗਵਾਨ ਅਨੁਭਵ ਹੁੰਦੀ ਰਹੇਗੀ।

ਸਲੋਗਨ:- ਬ੍ਰਹਮਾ ਬਾਪ ਸਮਾਨ ਬਣਨਾ ਮਤਲਬ ਸੰਪੂਰਨਤਾ ਦੀ ਮੰਜਿਲ ਤੇ ਪਹੁੰਚਣਾ।

******